## ਸ਼ੇਖ ਫ਼ਰੀਦ - ਸਬਦ ੧੧੪

### ਪਹਿਲੈ ਪਹਰੈ ਫੁਲੜਾ ਫਲੁ ਭੀ ਪਛਾ ਰਾਤਿ ॥

### ਸਲੋਕ, ਸੇਖ ਫਰੀਦ, ਗੁਰੂ ਗ੍ਰੰਥ ਸਾਹਿਬ, ੧੩੮੪

ਪਹਿਲੈ ਪਹਰੈ ਫੁਲੜਾ ਫਲੁ ਭੀ ਪਛਾ ਰਾਤਿ ॥
ਜੋ ਜਾਗੰਨ੍ਹਿ ਲਹੰਨਿ ਸੇ ਸਾਈ ਕੰਨੋ ਦਾਤਿ ॥੧੧੨॥

ਸਾਰ: ਗਿਆਨ ਇਕ ਖਿੜਦੀ ਕਲੀ ਵਾਂਗ ਸ਼ੁਰੂ ਹੁੰਦਾ ਹੈ, ਸੰਭਾਵਨਾਵਾਂ ਨਾਲ ਭਰਪੂਰ, ਪਰ ਸ਼ੁਰੂਆਤੀ ਪੜਾਅ ਵਿਚ ਇਸ ਦੇ ਅੰਦਰ ਅੰਤਰੀਵੀ ਖੇੜਾ ਲਿਆਉਣ ਦੀ ਸਮਰੱਥਾ ਨਹੀਂ ਹੁੰਦੀ। ਇਹ ਸ਼ੁਰੂਆਤੀ ਸੂਝ, ਚਿੰਤਨ, ਧੀਰਜ ਅਤੇ ਅਨੁਭਵ ਰਾਹੀਂ ਹੌਲੀ-ਹੌਲੀ ਵਿਕਸਿਤ ਹੁੰਦੀ ਹੋਈ ਅੰਤ ਬਿਬੇਕ ਦਾ ਰੂਪ ਹੋ ਜਾਂਦੀ ਹੈ। ਤਦ ਹੀ ਅਸੀਂ ਆਪਣੇ ਅਨੁਭਵਾਂ ਦੇ ਸੂਝ ਰੂਪੀ ਫਲ ਨੂੰ ਵੱਢ ਸਕਦੇ ਹਾਂ ਜੋ ਸਾਨੂੰ ਬਾਹਰੀ ਦਿਖਾਵੇ ਅਤੇ ਸੰਸਾਰੀ ਰੰਗਤ ਤੋਂ ਪਾਰ ਵੇਖਣ ਦੇ ਯੋਗ ਬਣਾਉਂਦੇ ਹਨ। ਇਸ ਲਈ ਆਤਮਿਕ ਵਿਗਾਸ ਸਿਰਫ਼ ਜਾਣਕਾਰੀ ਇਕੱਤਰ  ਕਰਨ ਦਾ ਨਾਮ ਨਹੀਂ, ਸਗੋਂ ਇਸ ਤੱਥ ਵਿਚ ਹੈ ਕਿ ਬਿਬੇਕ ਨੂੰ ਇਸ ਤਰ੍ਹਾਂ ਪਰਪੱਕ ਕੀਤਾ ਜਾਵੇ ਕਿ ਉਹ ਸਾਡੀ ਜੀਵਨ-ਜੀਣ ਦੀ ਰੀਤ ਬਣ ਜਾਵੇ, ਜੋ ਸਾਨੂੰ ਅਤੇ ਹੋਰਾਂ ਨੂੰ ਉੱਚਾ ਚੁੱਕੇ।

ਪਹਿਲੈ ਪਹਰੈ ਫੁਲੜਾ ਫਲੁ ਭੀ ਪਛਾ ਰਾਤਿ ॥
ਪਹਿਲੇ ਪਹਿਰ ਵਿਚ ਫੁੱਲ ਖਿੜਦੇ ਹਨ, ਤੇ ਰਾਤ ਦੇ ਪਿਛਲੇ ਪਹਿਰ ਵਿਚ ਫਲ ਲੱਗਣ ਲੱਗ ਪੈਂਦੇ ਹਨ। ਇਹ ਭਾਵ ਦਰਸਾਉਂਦਾ ਹੈ ਕਿ ਆਤਮਿਕ ਸੂਝ ਪੈਦਾ ਕਰਨ ਲਈ ਬਿਬੇਕ ਨੂੰ ਪਹਿਲਾਂ ਖਿੜਣਾ ਚਾਹੀਦਾ ਹੈ।

ਜੋ ਜਾਗੰਨ੍ਹਿ ਲਹੰਨਿ ਸੇ ਸਾਈ ਕੰਨੋ ਦਾਤਿ ॥੧੧੨॥
ਜੋ ਲੋਕ ਜਾਗਦੇ ਹੋਏ ਸੁਚੇਤ ਰਹਿੰਦੇ ਹਨ, ਉਹ ਆਪਣੇ ਅੰਤਹਕਰਣ ਤੋਂ ਸੂਝ ਪ੍ਰਾਪਤ ਕਰਦੇ ਹਨ। ਇਹ ਭਾਵ ਸਮਝਾਉਂਦਾ ਹੈ ਕਿ ਰੂਹਾਨੀ ਵਿਗਾਸ ਦੀ ਪ੍ਰਾਪਤੀ ਉਨ੍ਹਾਂ ਨੂੰ ਹੁੰਦੀ ਹੈ ਜੋ ਇਕਾਗਰ, ਗ੍ਰਹਿਣਸ਼ੀਲ ਅਤੇ ਨਿਮਾਣੇ ਹੁੰਦੇ ਹਨ। (੧੧੨)

ਤੱਤ: ਸੇਖ ਫ਼ਰੀਦ ਫੁੱਲ ਤੋਂ ਫਲ ਤੱਕ ਦੀ ਯਾਤਰਾ ਦੇ ਦ੍ਰਿਸ਼ਟਾਂਤ ਦੀ ਵਰਤੋਂ ਅੰਤਰੀਵੀ ਵਿਗਾਸ ਵਜੋਂ ਕਰਦੇ ਹਨ। ਇਸ ਰਾਹੀਂ ਉਹ ਸਮਝਾਉਂਦੇ ਹਨ ਕਿ ਰੁਪਾਂਤ੍ਰਣ ਪੜਾਅ ਦਰ ਪੜਾਅ ਹੁੰਦਾ ਹੈ। ਫੁੱਲ ਸੰਭਾਵਨਾ ਦਾ ਪ੍ਰਤੀਕ ਹੈ, ਅਤੇ ਜਾਗਰੂਕਤਾ ਪਹਿਲੇ ਖੇੜੇ ਦੀ, ਜਦੋਂ ਕਿ ਫਲ ਰੂਹਾਨੀ ਪਰਪੱਕਤਾ ਨੂੰ ਦਰਸਾਉਂਦਾ ਹੈ ਜੋ

ਅੰਤਹਕਰਣ ਨੂੰ ਪਾਲਦਾ ਹੈ। ਇਹ ਭਾਵ ਮਹੱਤਵਪੂਰਨ ਸੱਚਾਈ ਨੂੰ ਉਜਾਗਰ ਕਰਦਾ ਹੈ: ਸ਼ੁਰੂਆਤ ਸੰਪੂਰਨਤਾ ਦੇ ਬਰਾਬਰ ਨਹੀਂ ਹੁੰਦੀ; ਸਗੋਂ, ਇਹ ਇਸ ਦੁਆਰਾ ਪਰਿਭਾਸ਼ਿਤ ਹੁੰਦੀ ਹੈ ਕਿ ਅਸੀਂ ਅੰਤ ਵਿਚ ਕੀ ਬਣਦੇ ਹਾਂ। ਇਹ ਰੁਪਾਂਤ੍ਰਣਸ਼ੀਲ ਪ੍ਰਕਿਰਿਆ ਪੂਰਤੀ ਦੀ ਫਲਦਾਇਕ ਸਥਿਤੀ ਨੂੰ ਦਰਸਾਉਂਦੀ ਹੈ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**
ਵੈੱਬਸਾਈਟ: **OnenessInDiversity.com**

ਈਮੇਲ: **onenessindiversityfoundation@gmail.com**